# ਉਸ ਪਲ



ਸਿਮਰਨ ਧਾਲੀਵਾਲ

# ਉਸ ਪਲ

(ਕਹਾਣੀ-ਸੰਗ੍ਰਹਿ)

**ਸਿਮਰਨ ਧਾਲੀਵਾਲ**

**ਇਸੇ ਕਲਮ ਤੋਂ.....**

- ਆਸ ਅਜੇ ਬਾਕੀ ਹੈ (ਕਹਾਣੀ-ਸੰਗ੍ਰਹਿ)
- ਸੱਤ ਪਰੀਆਂ (ਬਾਲ ਕਹਾਣੀ-ਸੰਗ੍ਰਹਿ)

# ਤਰਤੀਬ

1. ਮਨ ਦਾ ਕੈਨਵਸ /8
2. ਸਟਾਰਟਿੰਗ ਪੁਆਇੰਟ/10
3. ਲਕੀਰ ਦੇ ਉਸ ਪਾਰ /20
4. ਹੁਣ ਮੈਂ ਝੂਠ ਨਹੀਂ ਬੋਲਦਾ /27
5. ਉਸ ਪਲ-1 /37
6. ਉਸ ਪਲ-2 /48
7. ਜਿਨ੍ਹਾਂ ਦਾ ਕੋਈ ਘਰ ਨਹੀਂ ਹੁੰਦਾ /56
8. ਭੀੜ ਵਿਚ ਗੁਆਚਾ ਚਿਹਰਾ /70
9. ਮੈਂ ਅਜੇ ਜਿਊਂਣਾ ਚਾਹੁੰਦਾ ਹਾਂ /81
10. ਲੋਕ ਕਹਾਣੀ ਦਾ ਅੰਤ /88

ਮੈਂ ਇਨ੍ਹਾਂ ਬੇਜਾਨ ਸਫ਼ਿਆਂ ’ਤੇ ਜੋ ਅੱਖਰ ਲਿਖ ਰਿਹਾ ਹਾਂ
ਆਪਣੇ ਜ਼ਿੰਦਾ ਹੋਣ ਦਾ ਪ੍ਰਮਾਣ ਪੱਤਰ ਲਿਖ ਰਿਹਾ ਹਾਂ।

— (ਜਸਵਿੰਦਰ)

## ਸਮਰਪਣ

ਅਮਿਤੋਜ਼ ਤੇ ਉਸ ਦੀ ਯਾਦ ਨੂੰ

# ਮਨ ਦਾ ਕੈਨਵਸ

ਹਰ ਬੰਦਾ ਆਪਣੇ ਆਪ ਵਿੱਚ ਇੱਕ ਕਹਾਣੀ ਹੈ।ਤੇ ਹਰ ਕਹਾਣੀ ਹਰ ਬੰਦੇ ਨਾਲ ਰਿਸ਼ਤਾ ਰੱਖਦੀ ਹੈ। ...ਜਾਂ ਫਿਰ ਇਹ ਕਹਿ ਲਓ ਹਰ ਬੰਦਾ ਤਮਾਮ ਉਮਰ ਹਜ਼ਾਰਾਂ ਕਹਾਣੀਆਂ ਬੁਣਦਾ ਹੈ।ਕੋਈ ਇਹਨਾਂ ਕਹਾਣੀਆਂ ਨੂੰ ਕਾਗ਼ਜ਼ 'ਤੇ ਉਤਾਰ ਲੈਂਦਾ ਹੈ ਤੇ ਕੋਈ ਮਨ ਦੇ ਕੈਨਵਸ 'ਤੇ।

ਪਰ ਇਹ ਕਹਾਣੀਆਂ ਮੇਰੇ ਮਨ 'ਤੇ ਵੀ ਉਕਰੀਆਂ ਨੇ ਤੇ ਇਹਨਾਂ ਕਾਗ਼ਜ਼ਾਂ 'ਤੇ ਵੀ।ਇਹਨਾਂ ਕਹਾਣੀਆਂ ਦੇ ਪਾਤਰ ਮੇਰੇ ਵਰਗੇ ਨੇ ਜਾਂ ਮੈਂ ਇਹਨਾਂ ਪਾਤਰਾਂ ਵਰਗਾ, ਇਹ ਫ਼ਰਕ ਮੈਂ ਬਹੁਤਾ ਨਹੀਂ ਸਮਝ ਸਕਿਆ।ਇਹਨਾਂ ਕਹਾਣੀਆਂ ਵਿਚਲੀ ਖੁਸ਼ੀ ਮੇਰੀ ਹੈ ਤੇ ਗ਼ਮੀ ਵੀ। ਜਿੱਤ ਮੇਰੀ ਹੈ ਤੇ ਹਾਰ ਵੀ। ...ਤੇ ਇਹਨਾਂ ਕਹਾਣੀਆਂ ਵਿਚਲੀ ਤੜਫ਼ ਵੀ ਮੇਰੀ ਹੈ ਤੇ ਸਕੂਨ ਵੀ।ਇਹ ਕਹਾਣੀਆਂ ਮੇਰੀਆਂ ਨਹੀਂ ਪਰ ਫਿਰ ਵੀ ਮੈਂ ਇਹਨਾਂ ਕਹਾਣੀਆਂ ਵਿੱਚ ਹਾਂ।

ਇਹ ਕਹਾਣੀਆਂ ਲਿਖਣ ਤੋਂ ਪਹਿਲਾਂ ਮੈਂ ਜੀਵੀਆਂ ਨੇ ਤੇ ਮੇਰੇ ਪਾਤਰਾਂ ਨੇ ਆਪਣੇ ਪਿੰਡੇ 'ਤੇ ਹੰਢਾਈਆਂ ਨੇ।ਇਹਨਾਂ ਕਹਾਣੀਆਂ ਨੂੰ ਲਿਖਦਿਆਂ ਮੈਂ ਮੁਸਕੁਰਾਇਆ ਹਾਂ। ਉਦਾਸ ਹੋਇਆਂ ਹਾਂ। ...ਤੇ ਅੱਖਾਂ ਵੀ ਭਰੀਆਂ ਨੇ। ਇਹਨਾਂ ਬੇਚੈਨ ਪਾਤਰਾਂ ਨਾਲ, ਬੇਚੈਨ ਵੀ ਹੋਇਆ ਹਾਂ।ਪਰ ਇਹ ਕਹਾਣੀਆਂ ਲਿਖ ਕੇ ਮੈਂ ਖ਼ੁਦ ਨੂੰ ਸੁਰਖ਼ਰੂ ਹੋਇਆ ਮਹਿਸੂਸ ਕਰਦਾ ਹਾਂ।ਇਹ ਕਹਾਣੀਆਂ ਮੈਨੂੰ ਮੇਰੇ ਜਿਉਂਦੇ ਹੋਣ ਦਾ ਅਹਿਸਾਸ ਕਰਾਉਂਦੀਆਂ ਨੇ।ਜਦੋਂ ਅੰਤਾਂ ਦਾ ਉਦਾਸ ਤੇ ਨਿਰਾਸ਼ ਹੁੰਦਾ ਹਾਂ ਤਾਂ ਇਹ ਕਹਾਣੀਆਂ ਮੇਰੇ ਨਾਲ ਗੱਲਾਂ ਕਰਦੀਆਂ ਨੇ।ਇਕੱਲਤਾ ਵਿੱਚ ਮੇਰੇ ਨਾਲ ਖੜ੍ਹਦੀਆਂ ਨੇ।ਮੈਨੂੰ ਮੇਰੇ ਅੰਦਰੋਂ ਬਹੁਤ ਕੁਝ ਬਾਹਰ ਕੱਢਣ ਦਾ ਰਾਹ ਇਹਨਾਂ ਕਹਾਣੀਆਂ ਨੇ ਦਿਖਾਇਆ ਏ।

ਇਹ ਕਹਾਣੀਆਂ ਹਰ ਉਸ ਸ਼ਖ਼ਸ ਦੀਆਂ ਹਨ, ਜੋ ਅੰਦਰੋਂ ਬੇਅਰਾਮ ਹੈ। ਜੋ ਉਦਾਸ ਹੈ।ਜੋ ਭਟਕਦਾ ਹੈ।ਤੜਫ਼ਦਾ ਹੈ।ਜਿਸਨੂੰ ਇਹ ਜੁੱਗ ਹੈਰਾਨ ਵੀ ਕਰ ਰਿਹਾ ਹੈ ਤੇ ਪ੍ਰੇਸ਼ਾਨ ਵੀ। ...ਤੇ ਜਿਸ ਅੰਦਰ ਸੰਵੇਦਨਾ ਹੈ।ਇਹ ਕਹਾਣੀਆਂ ਉਸੇ ਸੰਵੇਦਨਾ ਦੀ ਬਾਤ ਪਾਉਂਦੀਆਂ ਹਨ, ਜੋ ਬੰਦੇ ਨੂੰ ਉਸਦਾ 'ਬੰਦਾ' ਹੋਣਾ ਦੱਸਦੀ ਹੈ।

ਇਹਨਾਂ ਕਹਾਣੀਆਂ ਵਿੱਚ ਪਿੰਡਾਂ ਦੀ ਗੱਲ ਹੈ। ...ਤੇ ਵਿਸ਼ਵ ਪਿੰਡ ਦੀ ਵੀ। ਇਹ ਕਹਾਣੀਆਂ ਤੁਹਾਡੀ ਗੱਲ ਕਰਦੀਆਂ ਨੇ। ਮੇਰੀ ਗੱਲ ਕਰਦੀਆਂ ਨੇ। ਸਾਡੀ ਸਭ ਦੀ ਗੱਲ ਕਰਦੀਆਂ ਨੇ।

ਇਹ ਕਹਾਣੀਆਂ ਪੜ੍ਹ ਕੇ, ਤੁਹਾਨੂੰ ਇਹ ਤੁਹਾਡੀਆਂ ਲੱਗਦੀਆਂ ਨੇ ਜਾਂ ਨਹੀਂ, ਇਹ ਤਾਂ ਮੈਂ ਨਹੀਂ ਕਹਿ ਸਕਦਾ। ਹਾਂ...ਪਰ ਹਜ਼ਾਰਾਂ ਦੇ ਵਿੱਚੋਂ ਕੋਈ ਇੱਕ ਤਾਂ ਹੋਏਗਾ, ਜੋ ਇਹਨਾਂ ਪਾਤਰਾਂ ਵਰਗਾ ਹੈ। ਜਿਸਦੀ ਕਹਾਣੀ, ਇਹਨਾਂ ਕਹਾਣੀਆਂ ਵਰਗੀ ਹੈ। ...ਤੇ ਬੱਸ!...ਇਹੀ ਮੇਰੀ ਪ੍ਰਾਪਤੀ ਹੋਏਗੀ।

— **ਸਿਮਰਨ ਧਾਲੀਵਾਲ**

# ਸਟਾਰਟਿੰਗ ਪੁਆਇੰਟ

ਅੱਜ ਤੀਸਰਾ ਦਿਨ ਹੈ ਹਸਪਤਾਲ ਬੈਠਿਆਂ।

ਅੰਦਰ ਬਾਪੂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਕਮਾਲ ਹੈ... ਇੰਨੇ ਵੱਡੇ ਦਿਲ ਵਾਲੇ ਬੰਦੇ ਦਾ ਦਿਲ ਫੇਲ੍ਹ ਹੋ ਗਿਆ। ਮੈਨੂੰ ਯਕੀਨ ਨਹੀਂ ਸੀ ਆਇਆ ਸੁਣ ਕੇ।

ਮੈਂ ਜਿਵੇਂ ਹਵਾ ਬਣ ਕੇ ਗੁਪਤਾ ਹਸਪਤਾਲ ਪਹੁੰਚ ਗਿਆ।

ਸਾਹਮਣੇ ਬਾਪੂ ਪਿਆ ਸੀ। ਨਰਸਾਂ ਡਾਕਟਰਾਂ ਵਿਚਾਲੇ ਘਿਰਿਆ। ਬਾਪੂ ਨੂੰ ਹਸਪਤਾਲ ਪਹੁੰਚਾਉਣ ਵਾਲਾ, ਸਾਡਾ ਗੁਆਂਢੀ ਪਿੰਦਰ, ਮੈਨੂੰ ਆਇਆ ਦੇਖ ਕੇ ਮੇਰੇ ਕੋਲ ਆਇਆ।

"ਇਹ ਤਾਂ ਸ਼ੁਕਰ ਕਰੋ, ਮੈਂ ਅੱਜ ਘਰੇ ਸੀ। ਆਂਟੀ ਜੀ ਨੇ ਹਾਕ ਮਾਰੀ ਤੇ ਮੈਂ ਦੌੜਿਆ ਆਇਆ। ਫਟਾਫਟ ਗੱਡੀ ਕੱਢੀ। ਜਿਵੇਂ ਤੁਸੀਂ ਡਿਊਟੀ ਗਏ ਸੀ..ਆਂਟੀ ਵਿਚਾਰੇ ਕੀ ਕਰ ਲੈਂਦੇ।"

...ਤੇ ਉਹ ਘਰ ਨੂੰ ਮੁੜ ਗਿਆ।

ਬੇਬੇ ਬੈਂਚ 'ਤੇ ਬੈਠੀ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਲੱਗੀ। ਮੈਂ ਜੇਬ ਵਿੱਚ ਹੱਥ ਮਾਰਿਆ। ਏ.ਟੀ.ਐਮ.ਕਾਰਡ ਕੱਢਿਆ ਤੇ ਪੈਸੇ ਕਢਵਾਉਣ ਲਈ ਹਸਪਤਾਲ ਤੋਂ ਬਾਹਰ ਨਿਕਲ ਤੁਰਿਆ।

ਤੇ ਉਸ ਦਿਨ ਤੋਂ ਲੈ ਕੇ ਅੱਜ ਤੀਕ... ਮੈਂ ਇਥੇ ਹੀ ਬੈਠਾ ਹਾਂ। ਸਕੂਲ ਤੋਂ ਛੁੱਟੀ ਲੈ ਲਈ ਹੈ ਮੈਂ। ਜੇ ਕਿਤੇ ਉਸ ਦਿਨ ਪਿੰਦਰ...! ਕੌਣ ਲੈ ਕੇ ਆਉਂਦਾ ਬਾਪੂ ਨੂੰ ਹਸਪਤਾਲ? ਮੈਂ ਸੋਚਦਾ ਹੋਇਆ ਵੀ ਕੰਬ ਜਾਂਦਾ ਹਾਂ। ਮੈਨੂੰ ਡਿਊਟੀ ਤੋਂ ਕਦੀ ਵੀ ਗ਼ੈਰ ਹਾਜ਼ਰ ਨਾ ਹੋਣ ਦੀ ਸਿਖਿਆ ਸਿਖਾਉਣ ਵਾਲਾ ਬਾਪੂ ਮੇਰੀ ਗ਼ੈਰ ਹਾਜ਼ਰੀ ਵਿੱਚ...।

ਕਿੰਨਾ ਚਾਅ ਸੀ ਬਾਪੂ ਨੂੰ ਮੇਰੇ ਸਰਕਾਰੀ ਨੌਕਰ ਲੱਗਣ ਦਾ। ਜਿਸ ਦਿਨ ਮੈਨੂੰ ਨਿਯੁਕਤੀ ਪੱਤਰ ਮਿਲਿਆ ਸੀ ਉਸ ਦਿਨ ਪੂਰੇ ਪਿੰਡ ਵਿੱਚ ਲੱਡੂ ਵੰਡੇ ਸੀ ਬਾਪੂ ਨੇ।

ਸੱਤ ਸਾਲ ਧੱਕੇ ਖਾ ਕੇ ਨੌਕਰੀ ਮਿਲੀ ਸੀ ਮੈਨੂੰ। ਸ਼ਾਇਦ ਨੌਕਰੀ ਦਾ ਮੁਲ ਮੈਥੋਂ ਵੀ ਵੱਧ ਮੇਰਾ ਬਾਪੂ ਜਾਣਦਾ ਸੀ। ਇਸੇ ਲਈ ਉਹ ਹਮੇਸ਼ਾ ਆਖਦਾ-

"ਪੁੱਤਰਾ ਜਿਸ ਕੰਮ 'ਚੋ ਦੋ ਵੇਲੇ ਦੀ ਰੋਟੀ ਮਿਲਦੀ ਏ ਨਾ...ਉਸ ਕੰਮ ਲਈ ਇਮਾਨਦਾਰ ਰਹਿਣਾ ਈ ਅਸਲੀ ਧਰਮ ਹੁੰਦਾ।"

"ਸਰ ਜੀ! ਇਮਾਨਦਾਰੀ ਨੂੰ ਹੁਣ ਅਸੀਂ ਘਰੋਂ ਘਰੀਂ ਜਾ ਕੇ ਜਵਾਕ ਪੜ੍ਹਾਇਆ ਕਰੀਏ। ਇਹ ਕੰਮ ਤਾਂ ਇੰਜ ਹੀ ਚੱਲਦੇ ਨੇ..। ਬਹੁਤਾ ਸੀਰੀਅਸ ਨਹੀਂ ਹੋਈਦਾ।"

ਸਾਇੰਸ ਵਾਲਾ ਨਛੱਤਰ ਸਿਹੁੰ ਅਕਸਰ ਇੰਜ ਆਖਦਾ।

ਹੋਰ ਹੈ ਵੀ ਕੀ ਕਹਿਣ ਨੂੰ ਇਹਨਾਂ ਲੋਕਾਂ ਕੋਲੇ। ਮੋਟੀਆਂ ਤਨਖਾਹਾਂ ਲੈਣ ਵਾਲਿਆਂ ਦੀ ਅਕਲ ਵੀ ਮੋਟੀ ਹੋ ਜਾਂਦੀ।